## ਹੋਮਵਰਕ ਜਾਰੀ

### ਹੋਮਵਰਕ ਕਰਨ ਨੂੰ ਕਿੰਨਾ ਸਮਾਂ ਲੱਗਦਾ ਹੈ?

ਜੇ ਸੈਕੰਡਰੀ ਸਕੂਲ ਦੇ ਈ ਐੱਸ ਐੱਲ ਵਿਦਿਆਰਥੀਆਂ ਨੂੰ ਇਕ ਸ਼ਾਮ ਲਈ 2 ½ ਘੰਟੇ ਦਾ ਹੋਮਵਰਕ ਦਿੱਤਾ ਜਾਂਦਾ ਹੈ ਤਾਂ ਇਸ ਨੂੰ ਪੂਰਾ ਕਰਨ ਲਈ ਅਕਸਰ ਉਨ੍ਹਾਂ ਨੂੰ 5 ਤੋਂ 8 ਘੰਟੇ ਲੱਗ ਸਕਦੇ ਹਨ।

### ਹੋਮਵਰਕ ਕਿਸ ਨੂੰ ਕਰਨਾ ਚਾਹੀਦਾ ਹੈ?

ਹੋਮਵਰਕ **ਵਿਦਿਆਰਥੀ** ਨੂੰ ਹੀ ਕਰਨਾ ਚਾਹੀਦਾ ਹੈ।

ਕੁਝ ਮਾਪੇ ਇਹ ਸੋਚਦੇ ਹਨ ਕਿ ਵੱਡੇ ਭੈਣ/ਭਰਾ ਦੀ ਮਦਦ ਨਾਲ ਵਿਦਿਆਰਥੀ ਦੇ ਵਧੀਆ ਗਰੇਡ ਆਉਣਗੇ। ਮਦਦ, ਹਿਦਾਇਤਾਂ ਸਮਝਣ ਨੂੰ ਸੌਖਾ ਬਣਾਉਣ ਦੇ ਰੂਪ ਵਿਚ ਹੀ ਹੋਣੀ ਚਾਹੀਦੀ ਹੈ।

ਟੀਚਰ, ਕਲਾਸ ਵਿਚ ਅਤੇ ਹੋਮਵਰਕ ਲਈ ਕੰਮ ਦਿੰਦੇ ਹਨ। ਦੋਨਾਂ ਦੇ ਨੰਬਰ ਮਿਲਦੇ ਹਨ। ਜੇ ਵਿਦਿਆਰਥੀ ਆਪ ਕੰਮ ਕਰਨ ਦਾ ਕਾਫੀ ਅਭਿਆਸ ਨਾ ਕਰਨ ਤਾਂ ਹੋ ਸਕਦਾ ਹੈ ਕਿ ਸਮੁੱਚੇ ਰੂਪ ਵਿਚ ਉਨ੍ਹਾਂ ਦੇ ਨੰਬਰ ਚੰਗੇ ਨਾ ਆਉਣ।

ਅੰਗਰੇਜ਼ੀ ਦੇ ਉੱਚੇ ਪੱਧਰ ਵਾਲੇ ਵਿਦਿਆਰਥੀਆਂ ਦੀ ਜ਼ਿਆਦਾ ਅਕਾਦਮਿਕ ਸਮੱਗਰੀ ਸਮਝਣ ਵਿਚ ਟਿਊਟਰ ਮਦਦ ਕਰ ਸਕਦੇ ਹਨ।



### ਕੰਪਿਊਟਰਾਂ ਦੀ ਵਰਤੋਂ ਕਰਨਾ

ਸੈਕੰਡਰੀ ਦੇ ਬਹੁਤੇ ਵਿਦਿਆਰਥੀਆਂ ਨੂੰ ਸਕੂਲ ਦੇ ਕੰਮ ਲਈ ਕੰਪਿਊਟਰ ਵਰਤਣ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਜੇ ਤੁਹਾਡੇ ਕੋਲ ਘਰ ਵਿਚ ਕੰਪਿਊਟਰ ਨਹੀਂ ਹੈ ਤਾਂ ਪਬਲਿਕ ਅਤੇ ਸਕੂਲ ਲਾਇਬਰੇਰੀਆਂ ਵਿਚ ਕੰਪਿਊਟਰ ਹਨ ਜਿਨ੍ਹਾਂ ਦੀ ਵਰਤੋਂ ਵਿਦਿਆਰਥੀ ਕਰ ਸਕਦੇ ਹਨ।



VSB

**"Homework in BC Secondary Schools"**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਬੀ ਸੀ ਸੈਕੰਡਰੀ ਸਕੂਲਾਂ ਦੇ ਹੋਮਵਰਕ ਨੂੰ ਸਮਝਣਾ



## *ਗਰੇਡ 8 ਤੋਂ ਗਰੇਡ 12*



## ਹੋਮਵਰਕ ਬਾਰੇ ਬੀ ਸੀ ਦੇ ਵਿਦਿਆ ਮਹਿਕਮੇ ਦੀਆਂ ਸੇਧਾਂ ਕਿਹੜੀਆਂ ਹਨ?

ਬੀ.ਸੀ. ਦਾ ਵਿਦਿਆ ਮਹਿਕਮਾ ਤਹਿ ਕਰਦਾ ਹੈ ਕਿ ਬੀ.ਸੀ. ਦੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਿੰਨਾ ਹੋਮਵਰਕ ਦਿੱਤਾ ਜਾਣਾ ਹੈ।

ਇਹ ਸੇਧਾਂ ਹਨ:

**ਗਰੇਡ 8 ਤੋਂ ਗਰੇਡ 12 ► ਹਰ ਸ਼ਾਮ ਲਈ 1 ਤੋਂ 2 ਘੰਟੇ**

ਅੰਗਰੇਜ਼ੀ ਸਿੱਖ ਰਹੇ ਵਿਦਿਆਰਥੀਆਂ ਨੂੰ ਜ਼ਿਆਦਾ ਸਮਾਂ ਲੱਗੇਗਾ।

ਛੋਟੇ ਵਿਦਿਆਰਥੀਆਂ ਨਾਲੋਂ ਗਰੇਡ 6 ਤੋਂ ਗਰੇਡ 12 ਦੇ ਵਿਦਿਆਰਥੀਆਂ ਨੂੰ ਜ਼ਿਆਦਾ ਹੋਮਵਰਕ ਦਿੱਤਾ ਜਾਂਦਾ ਹੈ।

## ਹੋਮਵਰਕ ਦੀਆਂ ਉਦਾਹਰਣਾਂ

- ਕਲਾਸ ਵਿਚ ਦਿੱਤੇ ਗਏ ਕੰਮ (ਅਸਾਇਨਮੈਂਟ) ਨੂੰ ਪੂਰਾ ਕਰਨਾ।
- ਇਕ ਨਿਸ਼ਚਤ ਸਮੇਂ ਲਈ ਅੰਗਰੇਜ਼ੀ ਜਾਂ ਮਾਂ ਬੋਲੀ ਵਿਚ ਕੋਈ ਕਿਤਾਬ ਪੜ੍ਹਨਾ।
- ਅੰਗੇਰਜ਼ੀ ਵਿਚ ਕੋਈ ਖਾਸ ਟੀ ਵੀ ਪ੍ਰੋਗਰਾਮ ਦੇਖਣਾ।
- ਵੱਖ ਵੱਖ ਵਸੀਲਿਆਂ ਤੋਂ ਜਾਣਕਾਰੀ ਇਕੱਠੀ ਕਰਨਾ।
- ਕਲਾਸ ਜਾਂ ਗਰੁੱਪ ਪ੍ਰੋਜੈਕਟ `ਤੇ ਕਲਾਸ ਦੇ ਸਾਥੀਆਂ ਨਾਲ ਰਲ ਕੇ ਕੰਮ ਕਰਨਾ।
- "ਜਰਨਲ" ਲਿਖਣਾ।
- ਪਾਠ ਪੁਸਤਕ ਜਾਂ ਨਾਵਲ ਦੇ ਚੈਪਟਰ ਪੜ੍ਹਨਾ ਜਾਂ ਦੁਹਰਾਉਣਾ।
- ਦਿੱਤੇ ਗਏ ਕਿਸੇ ਵਿਸ਼ੇ ਬਾਰੇ ਸੋਚਣਾ ਜਾਂ ਯਾਦ ਕਰਨਾ ਅਤੇ ਇਸ ਬਾਰੇ ਲਿਖਣਾ।
- ਘਟਨਾਵਾਂ ਦੀ ਲੜੀ ਜਾਂ ਕਹਾਣੀ ਦੀ ਹੋਂਦ ਬਣਾਉਣਾ।
- ਕੁਝ ਸੰਗੀਤ ਸੁਣਨਾ।

**ਬੀ ਸੀ ਵਿਚ, ਟੀਚਰ ਕੰਮ ਦੀ ਮਾਤਰਾ ਨਾਲੋਂ ਕੰਮ ਦੀ ਕੁਆਲਟੀ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ।**

## *ਹੋਮਵਰਕ ਦੇ ਮੰਤਵ*

***ਹੋਮਵਰਕ ਦੇਣ ਦੇ ਕਈ ਕਾਰਨ ਹਨ। ਟੀਚਰ ਚਾਹੁੰਦੇ ਹਨ ਕਿ ਵਿਦਿਆਰਥੀ:***

- *ਅਗਲੇ ਦਿਨ ਲਈ ਵੱਖਰੇ/ਨਵੇਂ ਕੰਮ ਲਈ ਤਿਆਰ ਹੋਣ।*
- *ਬਿਹਤਰ ਪਾਠਕ ਬਣਨ।*
- *ਸ਼ਬਦ-ਭੰਡਾਰ ਵਧਾਉਣ।*
- *ਜ਼ਬਾਨ ਦੇ ਹੁਨਰਾਂ ਦਾ ਅਭਿਆਸ ਕਰਨ।*
- *ਲਿਖਾਈ ਸੁਧਾਰਨ।*
- *ਹੁਨਰ ਸਿੱਖਣ ਜਾਂ ਹੁਨਰਾਂ ਦਾ ਅਭਿਆਸ ਕਰਨ।*
- *ਕਿਸੇ ਵਿਸ਼ੇ ਜਾਂ ਮਜ਼ਮੂਨ ਦੇ ਪਿਛੋਕੜ ਦਾ ਗਿਆਨ ਵਧਾਉਣ।*
- *ਕਿਸੇ ਕਹਾਣੀ ਦੇ ਵਿਕਾਸ ਨੂੰ ਗ੍ਰਹਿਣ ਕਰਨ ਦੀ ਸਮਰਥਾ ਵਿਚ ਸੁਧਾਰ ਕਰਨ (ਪਲਾਟ ਲਾਈਨ, ਪਾਤਰ, ਘਟਨਾਵਾਂ ਦੇ ਕਾਰਨ ਅਤੇ ਅਸਰ, ਅਤੇ ਇਹ ਭਵਿੱਖਬਾਣੀ ਕਰਨਾ ਕਿ ਅਗਾਂਹ ਕੀ ਹੋ ਸਕਦਾ ਹੈ)।*
- *ਜੋੜਿਆਂ ਜਾਂ ਗਰੁੱਪਾਂ ਵਿਚ ਰਲ ਕੇ ਕੰਮ ਕਰਨਾ ਸਿੱਖਣ ਜਾਂ ਅਭਿਆਸ ਕਰਨ।*